Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਰੀਜਨਲ ਕਾਉਂਸਲਰ ਰੋਏਨਾ ਸੈਨਟੋਸ ਨੂੰ, ਸਟੈਂਡਿੰਗ ਕਮੇਟੀ ਔਨ ਮਿਊਨਿਸਿਪਲ ਫਾਈਨੈਂਸ ਐਂਡ ਇੰਟਰਗਵਰਨਮੈਂਟਲ ਅਰੇਂਜਮੈਂਟਸ ਦੇ, ਐਫ.ਸੀ.ਐਮ. ਦੇ 2020-2021 ਦੇ ਵਾਈਸ-ਚੇਅਰ ਵਜੋਂ ਨਿਯੁਕਤ ਕੀਤਾ ਗਿਆ

ਬ੍ਰੈਂਪਟਨ, ਓਨਟੈਰੀਓ (13 ਨਵੰਬਰ, 2020) – ਅੱਜ, ਫੈਡਰੇਸ਼ਨ ਆਫ ਕੈਨੇਡਿਅਨ ਮਿਊਨਿਸਿਪਲਟੀਜ (ਐਫ.ਸੀ.ਐਮ.) (Federation of Canadian Municipalities) (FCM) ਨੇ ਐਲਾਨ ਕੀਤਾ ਕਿ ਬ੍ਰੈਂਪਟਨ ਰੀਜਨਲ ਕਾਉਂਸਲਰ ਰੋਏਨਾ ਸੈਨਟੋਸ (Rowena Santos) ਨੂੰ, ਐਫ.ਸੀ.ਐਮ. (FCM) ਦੇ ਪ੍ਰੈਜ਼ੀਡੈਂਟ ਗਾਰਥ ਫ੍ਰਿਜ਼ਲ (Garth Frizzell) ਵੱਲੋਂ, *ਸਟੈਂਡਿੰਗ ਕਮੇਟੀ ਔਨ ਮਿਊਨਿਸਿਪਲ ਫਾਈਨੈਂਸ ਐਂਡ ਇੰਟਰਗਵਰਨਮੈਂਟਲ ਅਰੇਂਜਮੈਂਟਸ (Standing Committee on Municipal Finance and Intergovernmental Arrangements)* ਦੇ, 2020-2021 ਦੇ ਵਾਈਸ-ਚੇਅਰ ਵਜੋਂ ਨਿਯੁਕਤ ਕੀਤਾ ਗਿਆ ਹੈ। ਕਾਉਂਸਲਰ ਸੈਨਟੋਸ, ਸਿਟੀ ਆਫ ਸਸਕਾਟੂਨ (City of Saskatoon) ਲਈ, ਵਾਰਡ 7 ਦੀ ਕਾਉਂਸਲਰ, ਕਮੇਟੀ ਚੇਅਰ ਮੈਰਿਨ ਲੋਵੇਨ (Mairin Loewen) ਦੇ ਨਾਲ ਭਾਈਵਾਲੀ ਵਿੱਚ ਕੰਮ ਕਰਨਗੇ।

ਐਫ.ਸੀ.ਐਮ. ਦੀਆਂ ਸਟੈਂਡਿੰਗ ਕਮੇਟੀਆਂ, ਵਿਸਤ੍ਰਿਤ ਚਰਚਾ ਨੂੰ ਅਸਾਨ ਬਣਾਉਂਦੀਆਂ ਹਨ ਅਤੇ ਐਫ.ਸੀ.ਐਮ. ਬੋਰਡ ਨੂੰ, ਤਰਜੀਹ ਸਬੰਧੀ ਨੀਤੀ ਅਤੇ ਪ੍ਰੋਗਰਾਮ ਮੁੱਦਿਆਂ ਤੇ ਸਲਾਹ ਪ੍ਰਦਾਨ ਕਰਦੀਆਂ ਹਨ। ਸਟੈਂਡਿੰਗ ਕਮੇਟੀਆਂ ਨੂੰ ਆਪਣੇ ਚੇਅਰਸ ਅਤੇ ਵਾਈਸ-ਚੇਅਰਸ ਵਿੱਚ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੁੰਦੀ ਹੈ, ਜੋ ਇਹ ਯਕੀਨੀ ਬਣਾਉਂਦੇ ਹੋਏ ਕਿ ਸਾਰੇ ਕਮੇਟੀ ਮੈਂਬਰਾਂ ਨੂੰ ਕੇਂਦਰਿਤ ਅਤੇ ਲਾਭਕਾਰੀ ਚਰਚਾਵਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਦਾ ਹੈ, ਕਮੇਟੀਆਂ ਦਾ, ਉਹਨਾਂ ਦੇ ਅਧਿਆਦੇਸ਼ ਨਾਲ ਸਬੰਧਿਤ ਮੁੱਦਿਆਂ ਅਤੇ ਕਾਰਜਨੀਤੀਆਂ ਤੇ, ਸਲਾਹ-ਮਸ਼ਵਰਿਆਂ ਬਾਰੇ ਮਾਰਗ ਦਰਸ਼ਨ ਕਰਨ। ਹਰ ਕਮੇਟੀ, ਬੋਰਡ ਆਫ ਡਾਇਰੈਕਟਰਸ (Board of Directors) ਦੀਆਂ ਮੀਟਿੰਗਾਂ ਵਿੱਚ, ਸਾਲ ਵਿੱਚ ਤਿੰਨ ਵਾਰ ਇਕੱਤਰ ਹੁੰਦੀ ਹੈ।

ਸਿਟੀ ਆਫ ਬ੍ਰੈਂਪਟਨ, ਕੈਨੇਡਿਅਨ ਮਿਊਨਿਸਿਪਲਟੀਜ ਅਤੇ ਸਾਡੇ ਫੈਡਰਲ ਭਾਈਵਾਲਾਂ ਦੇ ਨਾਲ, ਭਾਈਵਾਲੀਆਂ ਨੂੰ ਵੱਧ ਮਜ਼ਬੂਤ ਬਣਾਉਣ ਤੇ ਧਿਆਨ ਦਿੰਦੀ ਹੈ। ਇਹ ਬ੍ਰੈਂਪਟਨ ਦੇ ਨਿਵਾਸੀਆਂ ਲਈ ਮੁੱਖ ਤਰਜੀਹਾਂ ਦੀ ਹਿਮਾਇਤ ਕਰਨਾ ਜਾਰੀ ਰੱਖੇਗੀ, ਜਿਹਨਾਂ ਵਿੱਚ ਸ਼ਾਮਲ ਹਨ, ਇੰਫਰਾਸਟ੍ਰਕਚਰ, ਜਲਵਾਯੂ ਪਰਿਵਰਤਨ ਅਤੇ ਹੜ੍ਹ ਨੂੰ ਘੱਟ ਕਰਨਾ, ਟ੍ਰਾਂਜ਼ਿਟ ਦਾ ਵਿਸਤਾਰ, ਹੁਰੋਨਟੈਰੀਓ-ਮੇਨ ਸਟ੍ਰੀਟ ਐਲ.ਆਰ.ਟੀ. (Hurontario-Main St. LRT) ਅਤੇ ਕੋਵਿਡ-19 (COVID-19) ਸਬੰਧੀ ਰਾਹਤ।

ਅਕਤੂਬਰ 2020 ਵਿੱਚ, ਕਾਉਂਸਲਰ ਸੈਨਟੋਸ ਨੂੰ ਇੱਕ ਸਾਲ ਦੀ ਟਰਮ ਵਾਸਤੇ, ਫੈਡਰੇਸ਼ਨ ਆਫ ਕੈਨੇਡਿਅਨ ਮਿਊਨਿਸਿਪਲਟੀਜ ਦੇ ਬੋਰਡ ਆਫ ਡਾਇਰੈਕਟਰਸ (Federation of Canadian Municipalities Board of Directors) ਲਈ ਚੁਣਿਆ ਗਿਆ ਸੀ।

ਐਫ.ਸੀ.ਐਮ., 1901 ਤੋਂ ਕੈਨੇਡਾ ਦੀ ਮਿਊਨਿਸਿਪਲ ਸਰਕਾਰ ਦੀ ਰਾਸ਼ਟਰੀ ਅਵਾਜ਼ ਰਹੀ ਹੈ। ਇਸਦੇ ਮੈਂਬਰਾਂ ਵਿੱਚ ਕੈਨੇਡਾ ਦੇ ਸ਼ਹਿਰਾਂ ਅਤੇ ਪੇਂਡੂ ਭਾਈਚਾਰਿਆਂ ਤੋਂ ਲੈ ਕੇ, ਉੱਤਰੀ ਭਾਈਚਾਰਿਆਂ ਅਤੇ 20 ਸੂਬਾਈ ਅਤੇ ਇਲਾਕੇ ਦੀਆਂ ਮਿਊਨਿਸਿਪਲ ਐਸੋਸੀਏਸ਼ਨਾਂ ਤੱਕ, ਹਰ ਆਕਾਰ ਦੀਆਂ 2,000 ਤੋਂ ਵੱਧ ਮਿਊਨਿਸਿਪਲਟੀਜ ਸ਼ਾਮਲ ਹਨ। ਇਕੱਠੇ ਮਿਲ ਕੇ, ਉਹ ਤਿੰਨੋਂ ਪਾਸਿਆਂ ਦੇ ਤਟਾਂ ਦੇ ਸਾਰੇ ਕੈਨੇਡਾ ਵਾਸੀਆਂ ਦੀ 90 ਪ੍ਰਤੀਸ਼ਤ ਅਬਾਦੀ ਦੀ ਨੁਮਾਇੰਦਗੀ ਕਰਦੇ ਹਨ। ਹਰ ਸਾਲ, ਪੂਰੇ ਕੈਨੇਡਾ ਦੇ ਮਿਊਨਿਸਿਪਲ ਲੀਡਰ, ਮੁੱਖ ਮੁੱਦਿਆਂ ਤੇ ਐਫ.ਸੀ.ਐਮ. ਦੀ ਨੀਤੀ ਤੈਅ ਕਰਨ ਲਈ ਇਕੱਠੇ ਹੁੰਦੇ ਹਨ।

ਬ੍ਰੈਂਪਟਨ ਦੀ ਸਿਟੀ ਕਾਉਂਸਿਲ (City Council) ਦੀਆਂ ਕਾਰਵਾਈਆਂ ਅਤੇ ਟਰਮ ਆਫ ਕਾਉਂਸਿਲ ਪ੍ਰਾਇਰਟੀਜ (Term of Council Priorities) ਤਿੰਨੋਂ ਪਾਸਿਆਂ ਦੇ ਤਟਾਂ ਦੀਆਂ ਕਈ ਕੈਨੇਡਿਅਨ ਮਿਊਨਿਸਿਪਲਟੀਜ ਦੀਆਂ ਤਰਜੀਹਾਂ ਨੂੰ ਦਰਸਾਉਂਦੀਆਂ ਹਨ, ਜਿਹਨਾਂ ਵਿੱਚ ਸ਼ਾਮਲ ਹਨ, ਪੁੱਜਣ ਯੋਗ ਘਰ, ਟ੍ਰਾਂਜ਼ਿਟ, ਜਲਵਾਯੂ ਸਬੰਧੀ ਕਾਰਵਾਈ, ਵੰਨ-ਸੁਵੰਨਤਾ ਦਾ ਜਸ਼ਨ ਮਨਾਉਣਾ ਅਤੇ ਐਂਟੀ-ਨਸਲਵਾਦ ਨੀਤੀ ਲਾਗੂ ਕਰਨਾ ਅਤੇ ਸੁਰੱਖਿਅਤ ਰੂਪ ਨਾਲ ਅਰਥਚਾਰੇ ਨੂੰ ਦੁਬਾਰਾ ਸ਼ੁਰੂ ਕਰਨ ਵਾਸਤੇ ਕਾਰੋਬਾਰੀਆਂ ਅਤੇ ਭਾਈਚਾਰਿਆਂ ਲਈ ਕੋਵਿਡ-19 ਸਬੰਧੀ ਮਦਦ।

**BRAMPTON** Media Release

**ਹਵਾਲੇ**

"ਕੈਨੇਡਾ ਦੇ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਵਜੋਂ, ਅਸੀਂ ਜੋ ਵੀ ਕਰਦੇ ਹਾਂ, ਉਸਦਾ ਮੁੱਖ ਕੇਂਦਰ ਲੋਕ ਹਨ। ਸਾਡੇ ਨਿਵਾਸੀ, ਦੇਸ਼ ਵਿੱਚ ਸਭ ਤੋਂ ਵੱਧ ਨੌਜਵਾਨ ਅਤੇ ਸਭ ਤੋਂ ਵੱਧ ਵੰਨ-ਸੁਵੰਨੇ ਹਨ, ਜੋ ਪੂਰੇ ਕੈਨੇਡਾ ਅਤੇ ਇਸਤੋਂ ਬਾਹਰ ਵੀ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਬੇਹੱਦ ਪ੍ਰਤਿਭਾਵਾਨ ਕਾਰਜਬਲ ਹੈ। ਮੈਂ, ਮਿਊਨਿਸਿਪਲ ਫਾਈਨੈਂਸ ਐਂਡ ਇੰਟਰਗਵਰਨਮੈਂਟਲ ਅਰੇਂਜਮੈਂਟਸ ਦੀ ਵਾਈਸ-ਚੇਅਰ ਵਜੋਂ ਕੰਮ ਕਰਨ ਲਈ ਉਤਸ਼ਾਹਿਤ ਹਾਂ, ਤਾਂ ਜੋ ਕੈਨੇਡਿਅਨ ਮਿਊਨਿਸਿਪਲਟੀਜ ਅਤੇ ਫੈਡਰਲ ਸਰਕਾਰ ਵਿਚਕਾਰਲੇ ਮਜ਼ਬੂਤ ਰਿਸ਼ਤੇ ਨੂੰ ਹੋਰ ਮਜ਼ਬੂਤ ਬਣਾਉਣ ਤੇ ਧਿਆਨ ਕੇਂਦਰਿਤ ਕੀਤਾ ਜਾ ਸਕੇ। ਇਸ ਸਾਲ, ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ, ਅਸੀਂ ਸਪਸ਼ਟ ਤੌਰ ਦੇ ਦੇਖਿਆ ਹੈ ਕਿ ਵੱਧ ਸਹਿਯੋਗ ਨਾਲ, ਸਾਡੇ ਭਾਈਚਾਰਿਆਂ ਲਈ ਬਿਹਤਰ ਨਤੀਜੇ ਨਿੱਕਲ ਸਕਦੇ ਹਨ।"

– *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ; ਮੈਂਬਰ, ਐਫ.ਸੀ.ਐਮ. ਬੋਰਡ ਆਫ ਡਾਇਰੈਕਟਰਸ*

"ਬ੍ਰੈਂਪਟਨ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵੱਧ ਮਹੱਤਵਪੂਰਣ ਪ੍ਰੋਜੈਕਟਾਂ ਨੂੰ, ਸਰਕਾਰ ਦੇ ਸਾਰੇ ਅਦਾਰਿਆਂ ਦੇ ਨਾਲ ਭਾਈਵਾਲੀ ਵਿੱਚ ਸੰਯੁਕਤ ਰੂਪ ਨਾਲ ਫੰਡ ਕੀਤਾ ਜਾ ਰਿਹਾ ਹੈ। ਜਦੋਂ ਟ੍ਰਾਂਜ਼ਿਟ, ਹੜ੍ਹ ਨੂੰ ਘੱਟ ਕਰਨ ਜਾਂ ਸੇਫ ਰੀਸਟਾਰਟ ਐਗਰੀਮੈਂਟ ਦੀ ਗੱਲ ਆਉਂਦੀ ਹੈ, ਤਾਂ ਅਸੀਂ ਜਾਣਦੇ ਹਾਂ ਕਿ ਸਾਡੇ ਫੈਡਰਲ ਭਾਈਵਾਲਾਂ ਦੇ ਨਾਲ ਮਜ਼ਬੂਤ ਸਹਿਯੋਗ ਨਾਲ, ਬ੍ਰੈਂਪਟਨ ਵਾਸੀਆਂ ਲਈ ਬਿਹਤਰ ਨਤੀਜੇ ਨਿੱਕਲਦੇ ਹਨ। ਕਾਉਂਸਿਲ ਦੇ ਵੱਲੋਂ, ਮੈਨੂੰ ਖੁਸ਼ੀ ਹੈ ਕਿ ਕਾਉਂਸਲਰ ਸੈਨਟੋਸ ਨੂੰ ਇਸ ਪਦਵੀ ਤੇ ਸਾਡੀ ਸਿਟੀ ਦੀ ਸੇਵਾ ਕਰਨ ਲਈ ਨਿਯੁਕਤ ਕੀਤਾ ਗਿਆ ਹੈ, ਜਦੋਂ ਅਸੀਂ ਪਰਿਵਾਰਾਂ, ਕਾਰੋਬਾਰੀਆਂ ਅਤੇ ਕੈਨੇਡਾ ਦੀ ਆਰਥਿਕ ਬਹਾਲੀ ਵਿੱਚ ਮਦਦ ਕਰਨ ਲਈ ਭਾਈਵਾਲੀ ਕਰ ਰਹੇ ਹਾਂ, ਜਿਸ ਵਿੱਚ ਬ੍ਰੈਂਪਟਨ ਨੇ ਮੁੱਖ ਯੋਗਦਾਨ ਦਿੱਤਾ ਹੈ।"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca